Punjab Government Gazette

Published by Authority

No. 18] CHANDIGARH, FRIDAY, MAY 1, 2026 (VAISAKHA 11, 1948 SAKA)

PART I

Punjab Government Notifications and Orders

ਦਫ਼ਤਰ:ਡਿਪਟੀ ਇੰਸਪੈਕਟਰ ਜਨਰਲ ਜੇਲ੍ਹਾਂ-ਕਮ-ਸੁਪਰਡੈਂਟ ਹੈਡਕੁਆਟਰ ਜੇਲ੍ਹ

ਪਟਿਆਲਾ।

PhNo: 0715-2923807

Email :dig.prisons.ptl-pb@gov.in

ਹੁਕਮ

ਮਿਤੀ 31 ਜੁਲਾਈ 2024

ਨੰ. 210.-ਆਪ ਸ਼੍ਰੀ ਸੁਖਵਿੰਦਰ ਸਿੰਘ,ਵਾਰਡਰ ਪੇਟੀ ਨੰ:710, ਕੇਂਦਰੀ ਜੇਲ੍ਹ ਪਟਿਆਲਾ ਜਿਸਦੀ ਡਿਊਟੀ ਮਿਤੀ 06.09.2019 ਨੂੰ ਹਵਾਲਾਤੀ ਨਵਜੋਤ ਸਿੰਘ ਉਰਫ਼ ਨੰਨੂ ਪੁੱਤਰ ਬੁੱਧ ਰਾਮ ਜੋ ਕਿ ਰਜਿੰਦਰਾ ਹਸਪਤਾਲ ਪਟਿਆਲਾ ਵਿਖੇ ਦਾਖਲ ਸੀ,ਦੀ ਨਿਗਰਾਨੀ ਲਈ ਲਗਾਈ ਗਈ ਸੀ। ਮਿਤੀ 08.09.2019 ਨੂੰ ਸਵੇਰੇ ਤਕਰੀਬਨ 07:00 ਵਜੇ ਸ਼੍ਰੀ ਪ੍ਰਭਜੋਤ ਸਿੰਘ, ਸਹਾਇਕ ਸੁਪਰਡੈਂਟ (ਲਾਈਨ ਅਫ਼ਸਰ) ਕੇਂਦਰੀ ਜੇਲ੍ਹ ਪਟਿਆਲਾ ਵੱਲੋਂ ਰਜਿੰਦਰਾ ਹਸਪਤਾਲ ਪਟਿਆਲਾ ਵਿਖੇ ਦਾਖਲ ਬੰਦੀਆਂ ਅਤੇ ਉਹਨਾਂ ਦੀ ਨਿਗਰਾਨੀ ਲਈ ਤਾਇਨਾਤ ਕਰਮਚਾਰੀਆਂ ਦੀ ਕੀਤੀ ਚੈਕਿੰਗ ਦੌਰਾਨ ਪਾਇਆ ਕਿ ਵਾਰਡ ਨੰ:11 ਵਿੱਚ ਦਾਖਲ ਹਵਾਲਾਤੀ ਨਵਜੋਤ ਸਿੰਘ ਉਰਫ਼ ਨੰਨੂ ਪੁੱਤਰ ਬੁੱਧ ਰਾਮ ਆਪਣੇ ਬੈੱਡ ਤੇ ਮੌਜੂਦ ਨਹੀਂ ਸੀ ਅਤੇ ਨਾ ਹੀ ਕੋਈ ਕਰਮਚਾਰੀ ਉਥੇ ਹਾਜ਼ਰ ਸੀ। ਇਸ ਤਰ੍ਹਾਂ ਹਵਾਲਾਤੀ ਨਵਜੋਤ ਸਿੰਘ ਉਰਫ਼ ਨੰਨੂ ਪੁੱਤਰ ਬੁੱਧ ਰਾਮ ਦੇ ਰਜਿੰਦਰਾ ਹਸਪਤਾਲ ਪਟਿਆਲਾ ਵਿੱਚੋਂ ਫਰਾਰ ਹੋਣ ਅਤੇ ਆਪ ਵੱਲੋਂ ਆਪਣੀ ਡਿਊਟੀ ਪ੍ਰਤੀ ਘੋਰ ਅਣਗਹਿਲੀ ਕਰਨ ਦੇ ਦੋਸ਼ ਵਿੱਚ ਸੁਪਰਡੈਂਟ,ਕੇਂਦਰੀ ਜੇਲ੍ਹ ਪਟਿਆਲਾ ਵੱਲੋਂ ਹੁਕਮ ਪਿੱਠ ਅੰਕਣ ਨੰ:9213 ਮਿਤੀ 09-09-2019 ਰਾਹੀਂ ਆਪ ਨੂੰ ਮਿਤੀ 08-09-2019 ਨੂੰ ਸਵੇਰ ਤੋਂ ਮੁਅੱਤਲ ਕੀਤਾ ਗਿਆ ਅਤੇ ਆਪ ਦੇ ਖਿਲਾਫ਼ ਕਾਨੂੰਨੀ ਕਾਰਵਾਈ ਕਰਨ ਲਈ ਮੁੱਖ ਅਫ਼ਸਰ ਥਾਣਾ ਸਿਵਲ ਲਾਈਨ ਪਟਿਆਲਾ ਨੂੰ ਪੱਤਰ ਨੰ:13665-67/ਯੂ.ਟੀ. ਮਿਤੀ 08-09-2019 ਰਾਹੀਂ ਲਿਖਿਆ ਗਿਆ, ਜਿਸ ਅਨੁਸਾਰ ਆਪ ਖਿਲਾਫ਼ ਮੁੱਕਦਮਾ ਨੰ:235 ਮਿਤੀ 08-09-2019 ਅਧੀਨ ਧਾਰਾ 222,223,224,225,109 ਆਈ.ਪੀ.ਸੀ.ਥਾਣਾ ਸਿਵਲ ਲਾਈਨ ਪਟਿਆਲਾ ਦਰਜ਼ ਕੀਤਾ ਗਿਆ ਅਤੇ ਉਕਤ ਦੋਸ਼ਾਂ ਤਹਿਤ ਇਸ ਦਫ਼ਤਰ ਦੇ ਪੱਤਰ ਨੰ: 584 ਮਿਤੀ 01.04.2020 ਨਾਲ ਆਪ ਨੂੰ ਪੰਜਾਬ ਸਿਵਲ ਸਰਵਿਸਜ਼ (ਸਜ਼ਾਂ ਅਤੇ ਅਪੀਲ) ਰੂਲਜ਼ 1970 ਦੇ ਰੂਲ 08 ਤਹਿਤ ਚਾਰਜਸ਼ੀਟ ਜਾਰੀ ਕੀਤੀ ਗਈ। ਸੁਪਰਡੈਂਟ, ਕੇਂਦਰੀ ਜੇਲ੍ਹ ਪਟਿਆਲਾ ਦੇ ਪੱਤਰ ਨੰ: 10942 ਮਿਤੀ 10.07.2020 ਨਾਲ ਆਪ ਵੱਲੋਂ ਦਿੱਤਾ ਗਿਆ ਚਾਰਜਸ਼ੀਟ ਦਾ ਜਵਾਬ ਇਸ ਦਫ਼ਤਰ ਵਿਖੇ ਪ੍ਰਾਪਤ ਹੋਇਆ।

2. ਆਪ ਵੱਲੋਂ ਦਿੱਤਾ ਗਿਆ ਚਾਰਜਸ਼ੀਟ ਦਾ ਜਵਾਬ ਤਸੱਲੀਬਖਸ ਨਾ ਪਾਉਂਦੇ ਹੋਏ ਆਪ ਦੇ ਵਿਭਾਗੀ ਕੇਸ ਦੇ ਅਸਲ ਤੱਥਾਂ ਦੀ ਸੱਚਾਈ ਤੱਕ ਪਹੁੰਚਣ ਲਈ ਵਿਭਾਗੀ ਪੜਤਾਲ ਕਰਨ ਹਿੱਤ ਇਸ ਦਫ਼ਤਰ ਦੇ ਹੁਕਮ ਨੰ: 114 ਮਿਤੀ 13.10.2020 ਰਾਹੀਂ

ਸ਼੍ਰੀ ਅਮਰ ਸਿੰਘ, ਡਿਪਟੀ ਸੁਪਰਡੈਂਟ, ਜਿਲ੍ਹਾ ਜੇਲ੍ਹ ਸੰਗਰੂਰ ਨੂੰ ਇਨਕੁਆਰੀ ਅਫ਼ਸਰ ਨਿਯੁਕਤ ਕੀਤਾ ਗਿਆ ਸੀ। ਆਪ ਵੱਲੋਂ ਮਿਤੀ 21.12.2021 ਨੂੰ ਇਸ ਦਫ਼ਤਰ ਵਿਖੇ ਪ੍ਰਤੀ ਬੇਨਤੀ ਪੇਸ਼ ਕੀਤੀ ਗਈ ਜਿਸ ਵਿੱਚ ਲਿਖਿਆ ਗਿਆ ਕਿ ਇੰਨਕੁਆਰੀ ਅਫ਼ਸਰ ਤੇ ਮੁੱਕਦਮਾ ਦਰਜ਼ ਹੋਣ ਕਾਰਨ ਅਧਿਕਾਰੀ ਡਿਊਟੀ ਤੋਂ ਗੈਰ ਹਾਜਰ ਚੱਲ ਰਿਹਾ ਹੈ। ਜਿਸ ਕਾਰਨ ਆਪ ਦੀ ਇੰਨਕੁਆਰੀ ਨਹੀਂ ਹੋ ਰਹੀ ਅਤੇ ਆਪ ਵੱਲੋਂ ਇੰਨਕੁਆਰੀ ਅਫ਼ਸਰ ਬਦਲਣ ਸਬੰਧੀ ਬੇਨਤੀ ਕੀਤੀ ਗਈ। ਆਪ ਵੱਲੋਂ ਦਿੱਤੀ ਪ੍ਰਤੀ ਬੇਨਤੀ ਨੂੰ ਵਿਚਾਰਦੇ ਹੋਏ ਇਸ ਦਫ਼ਤਰ ਦੇ ਹੁਕਮ ਨੰ: 206 ਮਿਤੀ 23.12.2021 ਰਾਹੀਂ ਸ਼੍ਰੀ ਅਮਰ ਸਿੰਘ,ਡਿਪਟੀ ਸੁਪਰਡੈਂਟ, ਜਿਲ੍ਹਾ ਜੇਲ੍ਹ ਸੰਗਰੂਰ ਦੀ ਥਾਂ ਤੇ ਸ਼੍ਰੀ ਕੁਲਵਿੰਦਰ ਸਿੰਘ,ਡਿਪਟੀ ਸੁਪਰਡੈਂਟ, ਜਿਲ੍ਹਾ ਜੇਲ੍ਹ ਰੂਪਨਗਰ ਹਾਲ ਸੁਪਰਡੈਂਟ, ਜਿਲ੍ਹਾ ਜੇਲ੍ਹ ਬਰਨਾਲਾ ਨੂੰ ਇੰਨਕੁਆਰੀ ਅਫ਼ਸਰ ਨਿਯੁਕਤ ਕੀਤਾ ਗਿਆ।

3. ਇੰਕੁਆਰੀ ਅਫ਼ਸਰ ਸ਼੍ਰੀ ਕੁਲਵਿੰਦਰ ਸਿੰਘ,ਸੁਪਰਡੈਂਟ, ਜਿਲ੍ਹਾ ਜੇਲ੍ਹ ਬਰਨਾਲਾ ਵੱਲੋਂ ਆਪਣੇ ਪੱਤਰ ਨੰ: 1034 ਮਿਤੀ 11.03.2024 ਨਾਲ ਵਿਭਾਗੀ ਇੰਨਕੁਆਰੀ ਮੁਕੰਮਲ ਕਰਨ ਉਪਰੰਤ ਰਿਪੋਰਟ ਇਸ ਦਫ਼ਤਰ ਨੂੰ ਭੇਜੀ ਗਈ। ਇੰਨਕੁਆਰੀ ਰਿਪੋਰਟ ਵਾਚਣ ਉਪਰੰਤ ਪਾਇਆ ਗਿਆ ਕਿ ਇੰਨਕੁਆਰੀ ਅਫ਼ਸਰ ਵੱਲੋਂ ਵਿਭਾਗੀ ਇੰਨਕੁਆਰੀ ਰਿਪੋਰਟ ਵਿੱਚ ਲਿਖਿਆ ਹੈ ਕਿ "ਮਿਤੀ 06-09-2019 ਨੂੰ ਰਾਤ ਨੂੰ ਹਵਾਲਾਤੀ ਬੰਦੀ ਨਵਜੋਤ ਸਿੰਘ ਨੰਨੂ ਪੁੱਤਰ ਬੁੱਧ ਰਾਮ ਦੇ ਬੀਮਾਰ ਹੋਣ ਤੇ ਮੈਡੀਕਲ ਅਫ਼ਸਰ ਕੇਂਦਰੀ ਜੇਲ੍ਹ ਪਟਿਆਲਾ ਵੱਲੋਂ ਰਜਿੰਦਰਾ ਹਸਪਤਾਲ,ਪਟਿਆਲਾ ਵਿਖੇ ਰੈਫ਼ਰ ਕਰਨ ਤੇ ਉਸਨੂੰ ਵਾਰਡਰ ਸੁਖਵਿੰਦਰ ਸਿੰਘ ਪੇਟੀ ਨੰ:710 ਅਤੇ ਪੈਸਕੋ ਕਰਮਚਾਰੀ ਦੀਦਾਰ ਸਿੰਘ ਰਾਹੀਂ ਰਜਿੰਦਰਾ ਹਸਪਤਾਲ ਪਟਿਆਲਾ ਭੇਜਿਆ ਗਿਆ ਸੀ। ਮਿਤੀ 7/8-9/2019 ਦੀ ਰਾਤ ਨੂੰ ਜਦੋਂ ਸ਼੍ਰੀ ਪ੍ਰਭਜੋਤ ਸਿੰਘ,ਸਹਾਇਕ ਸੁਪਰਡੈਂਟ,ਕੇਂਦਰੀ ਜੇਲ੍ਹ,ਪਟਿਆਲਾ ਵੱਲੋਂ ਰਾਜਿੰਦਰਾ ਹਸਪਤਾਲ,ਪਟਿਆਲਾ ਵਿਖੇ ਚੈਕਿੰਗ ਕੀਤੀ ਗਈ, ਤਾਂ ਉਸ ਸਮੇਂ ਹਵਾਲਾਤੀ ਬੰਦੀ ਨਵਜੋਤ ਸਿੰਘ ਨੰਨੂ ਪੁੱਤਰ ਬੁੱਧ ਰਾਮ ਰਜਿੰਦਰਾ ਹਸਪਤਾਲ,ਪਟਿਆਲਾ ਵਿਖੇ ਆਪਣੇ ਬੈੱਡ ਤੇ ਮੌਜੂਦ ਨਹੀਂ ਸੀ ਅਤੇ ਵਾਰਡਰ ਸੁਖਵਿੰਦਰ ਸਿੰਘ ਬੈਲਟ ਨੰਬਰ 710 ਅਤੇ ਜਿਲ੍ਹਾ ਪੁਲਿਸ ਕਰਮਚਾਰੀ ਜ਼ਸਵੰਤ ਸਿੰਘ ਨੰ:182 ਵੀ ਆਪਣੀ ਡਿਊਟੀ ਤੇ ਮੌਜੂਦ ਨਹੀਂ ਪਾਏ ਗਏ। ਵਾਰਡਰ ਸੁਖਵਿੰਦਰ ਸਿੰਘ ਬੈਲਟ ਨੰਬਰ 710 ਮਿਤੀ 07-09-2019 ਨੂੰ 08:15 ਵਜੇ ਰਜਿੰਦਰਾ ਹਸਪਤਾਲ,ਪਟਿਆਲਾ ਪਹੁੰਚਿਆ। ਉਸਦੇ ਬਿਆਨਾਂ ਮੁਤਾਬਕ ਜਦੋਂ ਉਹ ਹਸਪਤਾਲ ਪਹੁੰਚਿਆ ਤਾਂ ਹਵਾਲਾਤੀ ਬੰਦੀ ਨਵਜੋਤ ਸਿੰਘ ਉਰਫ਼ ਨੰਨੂ ਪੁੱਤਰ ਬੁੱਧ ਰਾਮ ਆਪਣੇ ਬੈੱਡ ਤੇ ਮੌਜੂਦ ਨਹੀਂ ਸੀ ਅਤੇ ਪੁਲਿਸ ਕਰਮਚਾਰੀ ਜਸਵੰਤ ਸਿੰਘ ਬੈਲਟ ਨੰਬਰ 182 ਵੀਂ ਉਸਨੂੰ ਉੱਥੇ ਨਹੀਂ ਮਿਲਿਆ, ਜਿਸਤੋਂ ਸਿੱਧ ਹੁੰਦਾ ਹੈ ਕਿ ਹਵਾਲਾਤੀ ਨਵਜੋਤ ਸਿੰਘ ਉਰਫ਼ ਨੰਨੂ ਪੁੱਤਰ ਬੁੱਧ ਰਾਮ ਸਮਾਂ ਸ਼ਾਮ 08:15 ਤੋਂ ਪਹਿਲਾਂ ਹੀ ਹਸਪਤਾਲ ਵਿੱਚੋਂ ਫਰਾਰ ਹੋ ਚੁੱਕਾ ਸੀ ਅਤੇ ਸਮਾਂ 08:15 ਤੱਕ ਵਾਰਡਰ ਸੁਖਵਿੰਦਰ ਸਿੰਘ ਬੈਲਟ ਨੰਬਰ 710 ਹਸਪਤਾਲ ਵਿੱਚ ਮੌਜੂਦ ਨਹੀਂ ਸੀ। ਇਸ ਬੰਦੀ ਦੀ ਨਿਗਰਾਨੀ ਲਈ ਲਗਾਏ ਗਏ ਕਰਮਚਾਰੀ ਆਪਣੀ ਸਹਿਮਤੀ ਨਾਲ ਹੀ ਡਿਊਟੀ ਕਰਦੇ ਸਨ ਅਤੇ ਮਿਤੀ 07-09-2019 ਨੂੰ ਵਾਰਡਰ ਸੁਖਵਿੰਦਰ ਸਿੰਘ ਬੈਲਟ ਨੰ:710 ਬਿਨਾਂ ਕਿਸੇ ਜੇਲ੍ਹ ਦੇ ਉੱਚ ਅਧਿਕਾਰੀ ਦੇ ਨੋਟਿਸ ਵਿੱਚ ਲਿਆਂਦੇ ਡਿਊਟੀ ਛੱਡਕੇ ਰਾਜਵਿੰਦਰ ਸਿੰਘ ਹਸਪਤਾਲ,ਪਟਿਆਲਾ ਵਿੱਚੋਂ ਚਲਾ ਗਿਆ ਅਤੇ ਸ਼ਾਮ 08:15 ਵਜੇ ਤੱਕ ਡਿਊਟੀ ਤੇ ਨਹੀਂ ਗਿਆ। ਹਵਾਲਾਤੀ ਬੰਦੀ ਨਵਜੋਤ ਸਿੰਘ ਉਰਫ਼ ਨੰਨੂ ਪੁੱਤਰ ਬੁੱਧ ਰਾਮ ਰਾਜਿੰਦਰ ਹਸਪਤਾਲ, ਪਟਿਆਲਾ ਵਿੱਚ ਇੰਨ੍ਹਾਂ ਕਰਮਚਾਰੀਆਂ (ਵਾਰਡਰ ਸੁਖਵਿੰਦਰ ਸਿੰਘ ਬੈਲਟ ਨੰਬਰ 710, ਹੈਡਕਾਂਸਟੇਬਲ ਜਸਵੰਤ ਸਿੰਘ ਅਤੇ ਪੈਸਕੋ ਕਰਮਚਾਰੀ ਤਰਸ਼ੇਮ ਸਿੰਘ) ਦੀ ਕਸਟੱਡੀ ਵਿੱਚ ਸੀ ਅਤੇ ਇਨ੍ਹਾਂ ਕਰਮਚਾਰੀਆਂ ਦੀ ਅਣ-ਗਹਿਲੀ ਅਤੇ ਡਿਊਟੀ ਪ੍ਰਤੀ ਵਰਤੀ ਗਈ ਲਾਹਪ੍ਰਵਾਹੀ ਕਾਰਨ ਇਹ ਬੰਦੀ ਰਜਿੰਦਰਾ ਹਸਪਤਾਲ,ਪਟਿਆਲਾ ਵਿੱਚੋਂ ਫਰਾਰ ਹੋਣ ਵਿੱਚ ਸਫ਼ਲ ਹੋ ਗਿਆ। ਜੇਕਰ ਇਹ ਕਰਮਚਾਰੀ ਆਪਣੀ ਡਿਊਟੀ ਤੇ ਸੁਚੇਤ ਹੁੰਦੇ, ਤਾਂ ਇਹ ਬੰਦੀ ਹਸਪਤਾਲ ਵਿੱਚੋਂ ਫਰਾਰ ਨਹੀਂ ਹੋ ਸਕਦਾ ਸੀ। ਇਸ ਲਈ ਉਕਤ ਦਰਸਾਏ ਤੱਥਾਂ ਦੀ ਰੋਸ਼ਨੀ ਵਿੱਚ ਵਾਰਡਰ ਸੁਖਵਿੰਦਰ ਸਿੰਘ ਪੇਟੀ ਨੰ:710 ਤੇ ਚਾਰਜਸ਼ੀਟ ਵਿੱਚ ਲਗਾਏ ਗਏ ਦੋਸ਼ ਸਿੱਧ ਹੁੰਦੇ ਹਨ। "ਇਸ ਤਰ੍ਹਾਂ ਆਪ ਨੂੰ ਵਿਭਾਗੀ ਇੰਨਕੁਆਰੀ ਦੌਰਾਨ ਦੋਸ਼ੀ ਪਾਏ ਜਾਣ ਤੇ ਇਸ ਦਫ਼ਤਰ ਦੇ ਪਿੱਠ ਅੰਕਣ ਨੰ:1349-50 ਮਿਤੀ 19-03-2024 ਰਾਹੀਂ ਪੰਜਾਬ ਜੇਲ੍ਹ ਵਿਭਾਗ ਸਟੇਟ ਸਰਵਿਸਜ਼ (ਕਲਾਸ-3) ਐਗਜੈਕਟਿਵ ਰੂਲਜ਼ 1963 ਦੇ ਸੈਕਸ਼ਨ-15 ਅਤੇ ਪੰਜਾਬ ਜੇਲ੍ਹ ਵਿਭਾਗ ਐਗਜੈਕਟਿਵ ਸਟਾਫ (ਸਜ਼ਾਂ ਅਤੇ ਅਪੀਲ) ਰੂਲਜ਼ 1943 ਦੇ ਰੂਲ 3 ਨੂੰ ਪੰਜਾਬ ਸਿਵਲ ਸਰਵਿਸਜ਼ (ਸਜ਼ਾਂ ਅਤੇ ਅਪੀਲ) ਰੂਲਜ਼ 1970 ਦੇ ਰੂਲ 8 ਨਾਲ ਪੜ੍ਹਦੇ ਹੋਏ ਪਾਰਟ-3 ਦੇ ਰੂਲ 5 ਵਿੱਚ ਦਿੱਤੀਆਂ ਹੋਈਆਂ ਸਜ਼ਾਵਾ ਵਿੱਚੋਂ ਰੂਲ 5 ਤੋਂ 9 ਅਧੀਨ ਦਿੱਤੀਆਂ ਗਈਆਂ ਸਜ਼ਾਵਾਂ ਵਿੱਚੋ ਕੋਈ ਇੱਕ ਸਜ਼ਾ ਦੇਣ ਦੀ ਤਜਵੀਜ਼ ਹਿੱਤ ਸੋ-ਕਾਜ ਨੋਟਿਸ ਜਾਰੀ ਕੀਤਾ ਗਿਆ। ਆਪ ਵੱਲੋਂ ਸੋ-ਕਾਜ ਨੋਟਿਸ ਦਾ ਜਵਾਬ ਪ੍ਰਾਪਤ ਹੋਇਆ।

4. ਆਪ ਦੇ ਵਿਭਾਗੀ ਕੇਸ ਦਾ ਫੈਸਲਾਂ ਕਰਨ ਤੋਂ ਪਹਿਲਾਂ ਕੁਦਰਤੀ ਨਿਆਂ ਨੂੰ ਮੁੱਖ ਰੱਖਦੇ ਹੋਏ ਆਪ ਨੂੰ ਆਪਣਾ ਪੱਖ

ਪੇਸ਼ ਕਰਨ ਲਈ ਇਸ ਦਫ਼ਤਰ ਦੇ ਪੱਤਰ ਨੰ:1486-87 ਮਿਤੀ 17-04-2024 ਰਾਹੀਂ ਮਿਤੀ 29-04-2024 ਨੂੰ ਨਿਮਨਹਸ਼ਤਾਖਰੀ ਦੇ ਦਫ਼ਤਰ ਚੰਡੀਗੜ੍ਹ ਵਿਖੇ ਨਿੱਜੀ ਸੁਣਵਾਈ ਲਈ ਬੁਲਾਇਆ ਗਿਆ।ਆਪ ਨਿੱਜੀ ਸੁਣਵਾਈ ਲਈ ਪੇਸ਼ ਹੋਏ, ਆਪਦਾ ਪੱਖ ਧਿਆਨ ਨਾਲ ਸੁਣਿਆ ਗਿਆ।ਆਪ ਵੱਲੋਂ ਆਪਣੇ ਬਚਾਅ ਪੱਖ ਵਿੱਚ ਕੋਈ ਅਜਿਹੀ ਦਲੀਲ/ਸਬੂਤ ਪੇਸ਼ ਨਹੀਂ ਕੀਤਾ, ਜਿਸ ਦੇ ਆਧਾਰ ਆਪ ਨੂੰ ਦੋਸ਼ ਮੁਕਤ ਕੀਤਾ ਜਾ ਸਕੇ।

5. ਆਪ ਵਿਰੁੱਧ ਉਕਤ ਦੋਸ਼ ਤਹਿਤ ਦਰਜ਼ ਹੋਏ ਮੁਕੱਦਮਾ ਨੰ:235 ਮਿਤੀ 08-09-2019 ਅਧੀਨ ਧਾਰਾ 222,223,224,225,109 ਆਈ.ਪੀ.ਸੀ.ਥਾਣਾ ਸਿਵਲ ਲਾਈਨ ਪਟਿਆਲਾ ਵਿੱਚ ਤਾਜ਼ਾ ਸਥਿਤੀ ਰਿਪੋਰਟ ਇਸ ਦਫ਼ਤਰ ਨੂੰ ਭੇਜਣ ਲਈ ਪੱਤਰ ਨੰ:1602 ਮਿਤੀ 03-05-2024 ਅਤੇ ਯਾਦ ਪੱਤਰ ਨੰ:1887 ਮਿਤੀ 05-06-2024 ਰਾਹੀਂ ਸੀਨੀਅਰ ਸੁਪਰਡੈਂਟ ਆਫ ਪੁਲਿਸ,ਪਟਿਆਲਾ ਅਤੇ ਸੁਪਰਡੈਂਟ,ਕੇਂਦਰੀ ਜੇਲ੍ਹ ਪਟਿਆਲਾ ਨੂੰ ਲਿਖਿਆ ਗਿਆ ਸੀ। ਸੀਨੀਅਰ ਕਪਤਾਨ ਪੁਲਿਸ,ਪਟਿਆਲਾ ਵੱਲੋਂ ਆਪਣੇ ਪੱਤਰ ਨੰ:39371/ਸੀ-3 ਮਿਤੀ 13-06-2024 ਰਾਹੀਂ ਇਸ ਦਫ਼ਤਰ ਨੂੰ ਉਕਤ ਮੁਕੱਦਮੇ ਦੀ ਤਾਜ਼ਾ ਸਥਿਤੀ ਰਿਪੋਰਟ ਭੇਜਦੇ ਹੋਏ ਲਿਖਿਆ ਗਿਆ ਹੈ ਕਿ "ਜੇਲ੍ਹ ਵਾਰਡਰ ਸੁਖਵਿੰਦਰ ਸਿੰਘ ਨੰ:710/ਜੇਲ੍ਹ ਪੁੱਤਰ ਭੂਰਾ ਸਿੰਘ, ਵਾਸੀ ਪਿੰਡ ਮੂਸਾ, ਥਾਣਾ ਸਦਰ ਮਾਨਸਾ, ਜਿਲ੍ਹਾ ਮਾਨਸਾ ਨੂੰ ਮਾਨਯੋਗ ਅਦਾਲਤ ਸ਼੍ਰੀ ਹਰਜੋਤ ਸਿੰਘ ਗਿੱਲ,PCS, JMIC, ਪਟਿਆਲਾ ਵੱਲੋਂ ਮਿਤੀ 28-02-2024 ਨੂੰ ਸਜ਼ਾਂ ਦਾ ਹੁਕਮ ਫਰਮਾਇਆ ਗਿਆ ਹੈ।" ਮਾਨਯੋਗ ਅਦਾਲਤ ਸ਼੍ਰੀ ਹਰਜੋਤ ਸਿੰਘ ਗਿੱਲ, **PCS,JMIC**, ਪਟਿਆਲਾ (UID:PB0458) ਵੱਲੋਂ ਮਿਤੀ 28-02-2024 ਨੂੰ ਪਾਸ ਕੀਤੇ ਹੁਕਮ ਨਿਮਨਲਿਖਤ ਅਨੁਸਾਰ ਹਨ:-

34. After heraring the above submission made by the parties, this court is of the opinion that keeping in view the gravity of the offences committed by convict,they are not entitled to any lenient view.Moreover, keeping in account the gravity of the offence, this court is of the considered view that convicts are not entitiled to even probation as well. Accordingly, this court hereby sentence the convict Jagtar Singh as follows:-

Name of Convict	U/s	RI	Fine	In default of payment of fine to further undergo
Sukhwinder Singh	223 IPS	2 years	Rs.2000/-	RI for 30 days

6. ਉਪਰੋਕਤ ਹੁਕਮਾਂ ਅਨੁਸਾਰ ਆਪ ਸ਼੍ਰੀ ਸੁਖਵਿੰਦਰ ਸਿੰਘ,ਵਾਰਡਰ ਪੇਟੀ ਨੰ:710 ਨੂੰ ਮਾਨਯੋਗ ਅਦਾਲਤ ਵੱਲੋਂ ਦੋਸ਼ੀ ਕਰਾਰ ਦਿੰਦੇ ਹੋਏ ਸਜ਼ਾ ਸੁਣਾਈ ਗਈ ਹੈ। ਇਸ ਤਰ੍ਹਾਂ ਪ੍ਰਸੋਨਲ ਵਿਭਾਗ ਵੱਲੋਂ ਮਿਤੀ 05-08-1998 ਰਾਹੀਂ ਜਾਰੀ ਹਦਾਇਤਾਂ ਦੀ ਰੋਸ਼ਨੀ ਵਿੱਚ ਸਜ਼ਾਂ ਯਾਫਤਾ ਕਰਮਚਾਰੀ ਦੀਆਂ ਸੇਵਾਵਾਂ ਪੰਜਾਬ ਸਿਵਲ ਸੇਵਾਵਾਂ (ਸਜ਼ਾਂ ਅਤੇ ਅਪੀਲ) ਰੂਲਜ਼ 1970 ਦੇ ਰੂਲ 13 (i) ਅਨੁਸਾਰ ਬਰਖਾਸਤ ਕਰਨ ਦਾ ਉਪਬੰਧ ਹੈ।

ਉਪਰੋਕਤ ਹਾਲਾਤਾਂ ਦੇ ਮੱਦੇਨਜ਼ਰ ਮੈਂ ਸੁਰਿੰਦਰ ਸਿੰਘ, ਡਿਪਟੀ ਇੰਸਪੈਕਟਰ ਜਨਰਲ ਜੇਲ੍ਹਾਂ-ਕਮ-ਸੁਪਰਡੈਂਟ ਹੈਡਕੁਆਟਰ ਜੇਲ੍ਹ ਪਟਿਆਲਾ, ਪੰਜਾਬ ਸਟੇਟ ਜੇਲ੍ਹ ਵਿਭਾਗ (ਕਲਾਸ-3 ਐਗਜੈਕਟਿਵ) ਰੂਲਜ਼ 1963 ਦੇ ਰੂਲ 15 (1) ਦੇ ਅਪੈਂਡਕਸ ਬੀ ਦੇ ਸੀਰੀਅਲ ਨੰਬਰ 4 (ਬੀ) ਦੇ (ਜੀ) ਤੋਂ (ਜੇ) ਅਨੁਸਾਰ ਵਾਰਡਰ/ਮੇਟਰਨ ਨੂੰ ਸਜ਼ਾਂ ਦੇਣ ਦਾ ਸਮਰੱਥ ਅਥਾਰਟੀ ਹੁੰਦੇ ਹੋਏ,ਆਪ ਸ਼੍ਰੀ ਸੁਖਵਿੰਦਰ ਸਿੰਘ, ਵਾਰਡਰ ਪੇਟੀ ਨੰ:710,ਕੇਂਦਰੀ ਜੇਲ੍ਹ ਪਟਿਆਲਾ ਨੂੰ ਮਾਨਯੋਗ ਅਦਾਲਤ ਸ਼੍ਰੀ ਹਰਜੋਤ ਸਿੰਘ ਗਿੱਲ, PCS,JMIC,ਪਟਿਆਲਾ (UID:PB0458) ਵੱਲੋਂ ਮਿਤੀ 28-02-2024 ਨੂੰ ਪਾਸ ਕੀਤੇ ਉਕਤ ਸਜ਼ਾਂ ਦੇ ਹੁਕਮਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਅਤੇ ਪੰਜਾਬ ਸਰਕਾਰ ਪ੍ਰਸ਼ੋਨਲ ਅਤੇ ਪ੍ਰਬੰਧਕੀ ਸੁਧਾਰ ਵਿਭਾਗ ਵੱਲੋਂ ਜਾਰੀ ਪੱਤਰ ਨੰ:3/23/98-1PPII/10394 ਮਿਤੀ 05-08-1998 ਰਾਹੀਂ ਜਾਰੀ ਹਦਾਇਤਾਂ ਅਨੁਸਾਰ, ਪੰਜਾਬ ਸਿਵਲ ਸੇਵਾਵਾਂ (ਸਜ਼ਾਂ ਅਤੇ ਅਪੀਲ) ਰੂਲਜ਼ 1970 ਦੇ ਰੂਲ 13 (i) ਅਤੇ ਭਾਰਤ ਦੇ ਸੰਵਿਧਾਨ ਦੀ ਧਾਰਾ 311 (2) (ਏ) ਅਨੁਸਾਰ ਆਪ ਸ਼੍ਰੀ ਸੁਖਵਿੰਦਰ ਸਿੰਘ,ਵਾਰਡਰ ਪੇਟੀ ਨੰ:710 ਦੀਆਂ ਸੇਵਾਵਾਂ ਤੁਰੰਤ ਤੋਂ ਖ਼ਤਮ (ਬਰਖਾਸਤ) ਕੀਤੀਆਂ ਜਾਂਦੀਆਂ ਹਨ। ਇਸ ਬਰਖਾਸਤਗੀ ਕਾਰਨ ਆਪ ਕਿਸੇ ਹੋਰ ਮਹਿਕਮੇ ਵਿੱਚ ਨੌਕਰੀ ਕਰਨ ਦੇ ਯੋਗ ਨਹੀਂ ਹੋਵੇਗੇ।

ਬਰਖਾਸਤ ਹੋਏ ਕਰਮਚਾਰੀ ਦੇ ਪਾਰਟੀਕੂਲਰ:-

1.	ਨਾਮ	ਸ਼੍ਰੀ ਸੁਖਵਿੰਦਰ ਸਿੰਘ, ਵਾਰਡਰ ਪੇਟੀ ਨੰ:710
2.	ਪਿਤਾ ਦਾ ਨਾਮ	ਸ਼੍ਰੀ ਭੂਰਾ ਸਿੰਘ
3.	ਘਰੇਲੂ ਪਤਾ	ਪਿੰਡ ਅਤੇ ਡਾਕਖਾਨਾ ਮੁਸਾ ਤਹਿਸੀਲ ਅਤੇ ਜਿਲ੍ਹਾ ਮਾਨਸਾ।
4.	ਜਨਮ ਮਿਤੀ	01-06-1974
5.	ਭਰਤੀ ਦੀ ਮਿਤੀ	16-12-2017
6.	ਰਿਟਾਇਰਮੈਂਟ ਦੀ ਮਿਤੀ	31-05-2032
7.	ਜਾਤ/ਕੈਟਾਗਿਰੀ	ਜਨਰਲ

ਸਹੀ/-

(ਸੁਰਿੰਦਰ ਸਿੰਘ)

ਡਿਪਟੀ ਇੰਸਪੈਕਟਰ ਜਨਰਲ ਜੇਲ੍ਹਾਂ-ਕਮ-

ਸੁਪਰਡੈਂਟ, ਹੈਡਕੁਆਟਰ ਜੇਲ੍ਹ ਪਟਿਆਲਾ।

3703/4-2026/Pb. Govt. Press, S.A.S. Nagar